## ਸਾਡੇ ਨਾਲ ਸੰਪਰਕ ਕਰੋ

**ਫ਼ੋਨ**
206-296-VOTE (8683)
1-800-325-6165
TTY ਰੀਲੇ: 711

**ਈਮੇਲ**
elections@kingcounty.gov

**ਆਨਲਾਈਨ**
kingcounty.gov/elections

**ਡਾਕ ਰਾਹੀਂ ਜਾਂ ਵਿਅਕਤੀਗਤ ਤੌਰ ‘ਤੇ ਸੰਪਰਕ ਕਰੋ**
ਮੁੱਖ ਚੋਣ ਦਫ਼ਤਰ
919 Southwest Grady Way
Renton, WA 98057

ਕੰਮਕਾਜੀ ਦਿਨਾਂ ਵਿੱਚ, ਸਵੇਰੇ 8:30 ਤੋਂ ਸ਼ਾਮ 4:30 ਤੱਕ

## ਸੋਸ਼ਲ ਮੀਡੀਆ 'ਤੇ ਸਾਡੇ ਨਾਲ ਜੁੜੋ

twitter.com/kcelections
facebook.com/kcelections
instagram.com/kcelections

## ਪਹੁੰਚਯੋਗ ਵੋਟਿੰਗ

ਉਨ੍ਹਾਂ ਲੋਕਾਂ ਲਈ ਵੋਟ ਸੈਂਟਰਾਂ 'ਤੇ ਸਹਾਇਕ ਡਿਵਾਈਸ ਉਪਲਬਧ ਹਨ, ਜਿਨ੍ਹਾਂ ਨੂੰ ਡਾਕ ਰਾਹੀਂ ਭੇਜੀ ਗਈ ਵੋਟ ਪਰਚੀ ਨੂੰ ਭਰਨ ਵਿੱਚ ਮੁਸ਼ਕਲ ਆਉਂਦੀ ਹੈ। ਜੇਕਰ ਤੁਹਾਨੂੰ ਵੋਟ ਪਾਉਣ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ 206-296-VOTE (8683) 'ਤੇ ਸੰਪਰਕ ਕਰੋ।

## ਹੋਰ ਭਾਸ਼ਾਵਾਂ ਵਿੱਚ ਵੋਟਿੰਗ ਸਮੱਗਰੀ

ਅੰਗਰੇਜ਼ੀ ਤੋਂ ਇਲਾਵਾ, King County Elections ਚੀਨੀ, ਕੋਰੀਅਨ, ਸਪੈਨਿਸ਼ ਅਤੇ ਵੀਅਤਨਾਮੀ ਵਿੱਚ ਵੋਟ ਪਰਚੀ ਅਤੇ ਸਾਰੀ ਵੋਟਿੰਗ ਸਮੱਗਰੀ ਉਪਲਬਧ ਕਰਵਾਉਂਦਾ ਹੈ।

ਇਹਨਾਂ ਵਿੱਚੋਂ ਕਿਸੇ ਵੀ ਇੱਕ ਭਾਸ਼ਾ ਵਿੱਚ ਵੋਟਿੰਗ ਸਮੱਗਰੀ ਪ੍ਰਾਪਤ ਕਰਨ ਲਈ ਸਾਡੇ ਨਾਲ ਸੰਪਰਕ ਕਰੋ।



vote!

# ਆਓ ਸਮਝੀਏ
# King County ਵਿੱਚ ਵੋਟਿੰਗ ਕਰਨਾ

King County Elections








## ਵੋਟ ਪਾਉਣ ਲਈ ਕੌਣ ਰਜਿਸਟਰ ਕਰ ਸਕਦਾ ਹੈ

ਤੁਸੀਂ Washington ਰਾਜ ਵਿੱਚ ਰਹਿਣ ਵਾਲੇ ਘੱਟੋ-ਘੱਟ ਸੋਲਾਂ ਸਾਲ ਪੁਰਾਣੇ ਵੈਧ ਨਾਗਰਿਕ ਹੋਣੇ ਚਾਹੀਦੇ ਹੋ ਅਤੇ ਅਦਾਲਤ ਵੱਲੋਂ ਤੁਹਾਨੂੰ ਵੋਟ ਪਾਉਣ ਲਈ ਅਯੋਗ ਨਹੀਂ ਠਹਿਰਾਇਆ ਗਿਆ ਹੋਵੇ ਅਤੇ ਵਰਤਮਾਨ ਵਿੱਚ ਤੁਹਾਨੂੰ ਕਿਸੇ ਗੰਭੀਰ ਅਪਰਾਧ ਲਈ ਬੰਦੀ ਨਾ ਬਣਾਇਆ ਗਿਆ ਹੋਵੇ।

16 ਤੋਂ 17 ਸਾਲ ਦੀ ਉਮਰ ਦੇ ਬੱਚੇ ਪਹਿਲਾਂ ਤੋਂ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹਨ ਅਤੇ ਜਦੋਂ ਉਹ ਵੋਟ ਪਾਉਣ ਦੇ ਯੋਗ ਹੋ ਜਾਣਗੇ, ਉਹਨਾਂ ਨੂੰ ਆਪਣੇ-ਆਪ ਵੋਟ ਪਰਚੀ ਮਿਲਣੀ ਸ਼ੁਰੂ ਹੋ ਜਾਵੇਗੀ।

NEW

ਜਨਵਰੀ 2022 ਤੱਕ, ਗੰਭੀਰ ਅਪਰਾਧਾਂ ਵਾਲੇ ਕੈਦੀਆਂ ਦੀ ਰਿਹਾਈ ਤੋਂ ਤੁਰੰਤ ਬਾਅਦ, ਉਹਨਾਂ ਦੇ ਵੋਟਿੰਗ ਅਧਿਕਾਰਾਂ ਨੂੰ ਬਹਾਲ ਕੀਤਾ ਜਾਂਦਾ ਹੈ, ਭਾਵੇਂ ਉਹਨਾਂ ਦੀ ਭਾਈਚਾਰਕ ਨਿਗਰਾਨੀ ਸਥਿਤੀ ਕੁਝ ਵੀ ਹੋਵੇ। ਗੰਭੀਰ ਅਪਰਾਧਾਂ ਦੇ ਦੋਸ਼ੀ ਕੈਦੀਆਂ ਨੂੰ ਰਿਹਾਈ ਤੋਂ ਬਾਅਦ ਵੋਟ ਪਾਉਣ ਲਈ ਰਜਿਸਟਰ ਕਰਨ ਦੀ ਲੋੜ ਹੁੰਦੀ ਹੈ।

NEW

17 ਸਾਲ ਦੇ ਬੱਚੇ, ਜੋ ਆਮ ਚੋਣਾਂ ਤੋਂ ਪਹਿਲਾਂ 18 ਸਾਲ ਦੇ ਹੋ ਜਾਣਗੇ, ਉਹ ਪ੍ਰਾਇਮਰੀ ਚੋਣ ਵਿੱਚ ਵੋਟ ਪਾ ਸਕਦੇ ਹਨ। ਜੇਕਰ ਵੋਟ ਪਾਉਣ ਲਈ ਪਹਿਲਾਂ ਤੋਂ ਰਜਿਸਟਰ ਕੀਤਾ ਜਾਂਦਾ ਹੈ, ਤਾਂ 17-ਸਾਲ ਦੇ ਯੋਗ ਬੱਚਿਆਂ ਨੂੰ ਪਹਿਲੀ ਚੋਣ ਲਈ ਉਹਨਾਂ ਦੀ ਵੋਟ ਪਰਚੀ ਆਪਣੇ-ਆਪ ਮਿਲ ਜਾਵੇਗੀ, ਜਿਸ ਵਿੱਚ ਉਹ ਵੋਟ ਪਾਉਣ ਦੇ ਯੋਗ ਹਨ।

## ਆਪਣੀ ਵੋਟ ਪਰਚੀ ਪ੍ਰਾਪਤ ਕਰੋ

ਇੱਕ ਵਾਰ ਜਦੋਂ ਤੁਸੀਂ ਵੋਟ ਪਾਉਣ ਲਈ ਰਜਿਸਟਰ ਕਰ ਲੈਂਦੇ ਹੋ, ਤਾਂ ਅਸੀਂ ਅਗਲੀਆਂ ਚੋਣਾਂ ਤੋਂ ਲਗਭਗ ਤਿੰਨ ਹਫ਼ਤੇ ਪਹਿਲਾਂ ਤੁਹਾਡੀ ਵੋਟ ਪਰਚੀ ਤੁਹਾਡੇ ਡਾਕ ਪਤੇ 'ਤੇ ਭੇਜਾਂਗੇ, ਇਸ ਨੂੰ ਨੌਕਰੀਪੇਸ਼ਾ ਅਤੇ ਪ੍ਰਵਾਸੀ ਵੋਟਰਾਂ ਲਈ ਹੋਰ ਵੀ ਜਲਦੀ ਭੇਜਿਆ ਜਾਵੇਗਾ।

## ਜਾਣੋ ਕਿ ਤੁਹਾਡੀ ਵੋਟ ਪਰਚੀ 'ਤੇ ਕੀ ਹੈ

ਹਰੇਕ ਚੋਣ ਤੋਂ ਪਹਿਲਾਂ, ਤੁਹਾਨੂੰ ਇੱਕ ਵੋਟਰ ਪੈਂਫਲੈਟ ਵੀ ਮਿਲੇਗਾ ਜਿਸ ਵਿੱਚ ਉਮੀਦਵਾਰ ਦੇ ਬਿਆਨ, ਉਹਨਾਂ ਦੀ ਸੰਪਰਕ ਜਾਣਕਾਰੀ ਅਤੇ ਵੋਟਿੰਗ ਮਾਪਦੰਡਾਂ ਬਾਰੇ ਵਾਧੂ ਜਾਣਕਾਰੀ ਸ਼ਾਮਲ ਹੋਵੇਗੀ।

ਤੁਸੀਂ kingcounty.gov/elections/my-voter-information ਤੋਂ ਇੱਕ ਵਿਅਕਤੀਗਤ ਵੋਟਰ ਗਾਈਡ ਵੀ ਪ੍ਰਾਪਤ ਕਰ ਸਕਦੇ ਹੋ, ਜਿਸ ਵਿੱਚ ਸਿਰਫ਼ ਉਹਨਾਂ ਜਾਤੀਆਂ ਬਾਰੇ ਜਾਣਕਾਰੀ ਹੋਵੇਗੀ ਜਿਨ੍ਹਾਂ ਲਈ ਤੁਸੀਂ ਵੋਟ ਪਾਉਣ ਦੇ ਯੋਗ ਹੋ।

## ਆਪਣੀ ਵੋਟ ਪਰਚੀ ਰਾਹੀਂ ਵੋਟ ਪਾਓ

ਹਰੇਕ ਚੋਣ ਵਿੱਚ ਆਪਣੇ ਮਨਪਸੰਦ ਉਮੀਦਵਾਰ ਦੇ ਸਾਹਮਣੇ ਬਣੇ ਅੰਡਾਕਾਰ ਗੋਲੇ ਨੂੰ ਭਰਨ ਲਈ, ਕਿਸੇ ਵੀ ਰੰਗ ਦੇ ਪੈੱਨ ਦੀ ਵਰਤੋਂ ਕਰੋ। ਜੇਕਰ ਤੁਸੀਂ ਕੋਈ ਗਲਤੀ ਕਰਦੇ ਹੋ, ਤਾਂ ਅੰਡਾਕਾਰ ਗੋਲੇ ਸਮੇਤ, ਚੁਣੇ ਗਏ ਵਿਕਲਪ 'ਤੇ ਇੱਕ ਲਾਈਨ ਖਿੱਚ ਦਿਓ ਅਤੇ ਆਪਣੀ ਪਸੰਦ ਦੇ ਨਵੇਂ ਵਿਕਲਪ ਦੇ ਅੱਗੇ ਬਣੇ ਗੋਲੇ ਨੂੰ ਭਰੋ। ਭਾਵੇਂ ਕਿ ਅਸੀਂ ਤੁਹਾਨੂੰ ਸੁਝਾਅ ਦਿੰਦੇ ਹਾਂ ਕਿ ਤੁਸੀਂ ਆਪਣੀ ਪੂਰੀ ਵੋਟ ਪਰਚੀ 'ਤੇ ਵੋਟ ਪਾਓ, ਪਰ ਤੁਸੀਂ ਆਪਣੀ ਮਰਜ਼ੀ ਅਨੁਸਾਰ ਕੋਈ ਵੀ ਜਾਤ ਛੱਡ ਸਕਦੇ ਹੋ ਅਤੇ ਅਸੀਂ ਸਿਰਫ਼ ਉਨ੍ਹਾਂ ਜਾਤੀਆਂ ਦੀ ਗਿਣਤੀ ਕਰਾਂਗੇ ਜਿਨ੍ਹਾਂ ਲਈ ਤੁਸੀਂ ਵੋਟ ਕੀਤਾ ਹੈ।

## ਆਪਣੇ ਵਾਪਸੀ ਲਿਫਾਫੇ 'ਤੇ ਦਸਤਖਤ ਕਰੋ

ਆਪਣੀ ਵੋਟ ਪਰਚੀ ਨੂੰ ਗਿਣਤੀ ਯੋਗ ਬਣਾਉਣ ਲਈ, ਤੁਹਾਨੂੰ ਆਪਣੇ ਵਾਪਸੀ ਲਿਫਾਫੇ 'ਤੇ ਲਿਖੇ ਘੋਸ਼ਣਾ ਪੱਤਰ 'ਤੇ ਦਸਤਖਤ ਕਰਨੇ ਚਾਹੀਦੇ ਹਨ ਅਤੇ ਉਹ ਦਸਤਖਤ ਤੁਹਾਡੇ ਵੋਟਰ ਰਜਿਸਟ੍ਰੇਸ਼ਨ ਰਿਕਾਰਡ ਵਿੱਚ ਕੀਤੇ ਗਏ ਦਸਤਖਤ ਨਾਲ ਮੇਚ ਹੋਣੇ ਚਾਹੀਦੇ ਹਨ। ਆਪਣੇ ਦਸਤਖਤ ਲਈ ਅੱਖਰ ਜੋੜਨ ਜਾਂ ਉਹਨਾਂ ਨੂੰ ਪੜ੍ਹਨਯੋਗ ਬਣਾਉਣ ਦੀ ਕੋਈ ਲੋੜ ਨਹੀਂ ਹੈ, ਤਹਾਂ ਉਹ ਸਿਰਫ਼ ਫਾਈਲ ਵਿੱਚ ਕੀਤੇ ਗਏ ਦਸਤਖਤ ਨਾਲ ਮੇਚ ਹੋਣੇ ਚਾਹੀਦੇ ਹਨ। ਜੇਕਰ ਤੁਹਾਡੇ ਦਸਤਖਤ ਮੇਚ ਨਹੀਂ ਹੁੰਦੇ ਜਾਂ ਕੀਤੇ ਹੀ ਨਾ ਗਏ ਹੋਣ, ਤਾਂ ਅਸੀਂ ਤੁਹਾਨੂੰ ਇੱਕ ਪੱਤਰ ਭੇਜਾਂਗੇ ਅਤੇ ਜੇਕਰ ਤੁਹਾਡਾ ਫ਼ੋਨ ਨੰਬਰ ਅਤੇ ਈਮੇਲ ਜਾਣਕਾਰੀ ਸਾਡੀ ਫਾਈਲ ਵਿੱਚ ਹੈ ਤਾਂ ਅਸੀਂ ਉਹਨਾਂ ਰਾਹੀਂ ਤੁਹਾਡੇ ਨਾਲ ਸੰਪਰਕ ਕਰਾਂਗੇ। ਤੁਹਾਨੂੰ ਸਿਰਫ਼ ਇੱਕ ਆਸਾਨ ਫਾਰਮ ਭਰ ਕੇ ਵਾਪਸ ਭੇਜਣਾ ਹੈ।

## ਆਪਣੀ ਵੋਟ ਪਰਚੀ ਵਾਪਸ ਭੇਜੋ

ਤੁਸੀਂ Vote Center (ਵੋਟ ਕੇਂਦਰ) ਜਾਂ Student Engagement Hub (ਵਿਦਿਆਰਥੀ ਸ਼ਮੂਲੀਅਤ ਹੱਬ) ਨੂੰ ਆਪਣੀ ਵੋਟ ਪਰਚੀ ਡਾਕ ਰਾਹੀਂ ਵਾਪਸ ਭੇਜ ਸਕਦੇ ਹੋ, ਜਾਂ ਤੁਸੀਂ ਉਸਨੂੰ King County ਵਿੱਚ 70 ਤੋਂ ਵੱਧ ਸੁਰੱਖਿਅਤ ਵੋਟ ਪਰਚੀ ਡ੍ਰਾਪ ਬਾਕਸਾਂ ਵਿੱਚੋਂ ਕਿਸੇ ਵੀ ਇੱਕ ਵਿੱਚ ਪਾ ਸਕਦੇ ਹੋ - ਇਸ ਲਈ ਡਾਕ ਟਿਕਟ ਦੀ ਲੋੜ ਨਹੀਂ ਹੈ।

ਜੇਕਰ ਤੁਸੀਂ ਆਪਣੀ ਵੋਟ ਪਰਚੀ ਡਾਕ ਰਾਹੀਂ ਭੇਜਣਾ ਚਾਹੁੰਦੇ ਹੋ, ਤਾਂ ਅਸੀਂ ਸੁਝਾਅ ਕਰਦੇ ਹਾਂ ਕਿ ਤੁਸੀਂ ਚੋਣ ਦਿਨ ਤੋਂ ਪਹਿਲਾਂ ਵਾਲੇ ਸ਼ੁੱਕਰਵਾਰ ਤੱਕ ਅਜਿਹਾ ਕਰੋ ਤਾਂਕਿ ਤੁਹਾਡੀ ਵੋਟ ਪਰਚੀ 'ਤੇ ਸਮੇਂ ਸਿਰ ਡਾਕ-ਮੋਹਰ ਲੱਗ ਜਾਵੇ। ਤੁਹਾਡੀ ਵੋਟ ਪਰਚੀ ਤਾਂ ਹੀ ਗਿਣੀ ਜਾਵੇਗੀ ਜੇਕਰ ਉਸ 'ਤੇ ਚੋਣ ਵਾਲੇ ਦਿਨ ਦੀ ਡਾਕ-ਮੋਹਰ ਲੱਗੀ ਹੋਵੇ ਜਾਂ ਜੇਕਰ ਉਸਨੂੰ ਚੋਣ ਵਾਲੇ ਦਿਨ ਸ਼ਾਮ 8 ਵਜੇ ਤੱਕ ਡ੍ਰਾਪ ਬਾਕਸ ਵਿੱਚ ਪਾ ਦਿੱਤਾ ਜਾਂਦਾ ਹੈ।

## ਆਪਣੀ ਵੋਟ ਪਰਚੀ ਟ੍ਰੈਕ ਕਰੋ

ਆਨਲਾਈਨ ਟ੍ਰੈਕਰ ਦੀ ਸਹਾਇਤਾ ਦੇ ਨਾਲ ਇਹ ਯਕੀਨੀ ਬਣਾਓ ਕਿ ਤੁਹਾਡੀ ਵੋਟ ਪਰਚੀ ਪਹੁੰਚ ਗਈ ਹੈ ਅਤੇ ਉਸਨੂੰ ਗਿਣਿਆ ਗਿਆ ਹੈ। ਆਨਲਾਈਨ ਵੋਟ ਪਰਚੀ ਟ੍ਰੈਕਰ ਦੇ ਨਾਲ, ਤੁਸੀਂ ਇਹ ਵੀ ਛੇਤੀ ਪਤਾ ਲਗਾ ਸਕਦੇ ਹੋ ਕਿ ਕੀ ਤੁਹਾਡੀ ਵੋਟ ਪਰਚੀ 'ਤੇ ਦਸਤਖਤ ਸੰਬੰਧੀ ਕੋਈ ਸਮੱਸਿਆ ਹੈ ਤਾਂਕਿ ਤੁਸੀਂ ਉਸਨੂੰ ਠੀਕ ਕਰ ਸਕੋ ਅਤੇ ਤੁਹਾਡੀ ਵੋਟ ਦੀ ਗਿਣਤੀ ਕੀਤੀ ਜਾ ਸਕੇ। kingcounty.gov/elections/ballot-tracker 'ਤੇ ਆਪਣੀ ਵੋਟ ਪਰਚੀ ਨੂੰ ਟ੍ਰੈਕ ਕਰੋ।

www. kingcounty.gov/elections